PUNJAB DAIRY DEVELOPMENT BOARD
PDDB
ਪੰਜਾਬ ਡੇਅਰੀ ਵਿਕਾਸ ਬੋਰਡ

**Punjab Dairy Development Board**

ਪੰਜਾਬ ਡੇਅਰੀ ਵਿਕਾਸ ਬੋਰਡ
ਲਾਈਵਸਟੌਕ ਕੰਪਲੈਕਸ, ਚੌਥੀ ਮੰਜਿਲ, ਨੇੜੇ ਆਰਮੀ ਇੰਸਟੀਟਿਊਟ
ਆਫ ਲਾਅ, ਸੈਕਟਰ 68, ਐਸ ਏ ਐਸ ਨਗਰ, ਮੋਹਾਲੀ-160062

ਵੱਲ

ਸਮੂਹ ਡਿਪਟੀ ਸੀ.ਈ.ਓ
ਪੰਜਾਬ ਡੇਅਰੀ ਵਿਕਾਸ ਬੋਰਡ

ਨੰ:ਪੀ.ਡੀ.ਡੀ.ਬੀ/2020 /ਪੀ -3/ 1238-1259
ਐਸ.ਏ.ਐਸ ਨਗਰ, ਮਿਤੀ: 29/7/2020

ਵਿਸ਼ਾ:- **ਆਟੋਮੈਟਿਕ ਸਾਈਲੇਜ ਬੇਲਰ ਅਤੇ ਰੈਪਰ ਮਸ਼ੀਨ ਤੇ ਵਿੱਤੀ ਸਹਾਇਤਾ ਦੇਣ ਸਬੰਧੀ ।**

ਉਪਰੋਕਤ ਵਿਸੇ ਅਨੁਸਾਰ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਸਾਈਲੇਜ ਦੀ ਮਹਤੱਤਾ ਨੂੰ ਸਮਝਦੇ ਹੋਏ ਸਾਲ 2019-20 ਵਿੱਚ ਬੇਲ ਸਾਈਲੇਜ ਦੀ ਇੱਕ ਵਿਲੱਖਣ ਸਕੀਮ ਉਲੀਕੀ ਸੀ ਜੋ ਕਿ ਆਰ.ਕੇ.ਵੀ.ਵਾਈ ਵਿੱਚ ਪ੍ਰਵਾਨਗੀ ਹਿੱਤ ਭੇਜੀ ਗਈ ਸੀ ਪ੍ਰੰਤੂ ਆਰ.ਕੇ.ਵੀ.ਵਾਈ ਵਿੱਚ ਇਸ ਸਕੀਮ ਨੂੰ ਨਹੀਂ ਵਿਚਾਰਿਆ ਗਿਆ ਹੈ। ਇਸ ਲਈ ਉੱਚ ਅਧਿਕਾਰੀਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਹਾਲ ਦੀ ਘੜੀ ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪੀ.ਡੀ.ਡੀ.ਬੀ ਦੇ ਫੰਡਾਂ ਵਿੱਚੋਂ ਹਾਸਲ ਕਰਕੇ ਦਿੱਤੀ ਜਾਵੇ।

ਇਸ ਸਕੀਮ ਅਧੀਨ ਐਗਰੀਕਲਚਰ ਮੈਕਾਨਾਈਜੇਸ਼ਨ (SMAM) ਦੀ ਸਾਲ 2018-19 ਦੀ ਗਾਈਡਲਾਈਨਜ ਅਨੁਸਾਰ 40% ਵਿੱਤੀ ਸਹਾਇਤਾ ਦੇਣ ਦਾ ਉਪਬੰਧ ਹੈ।

ੳ) ਇਸ ਸਕੀਮ ਅਧੀਨ ਵਿੱਤੀ ਸਹਾਇਤਾ ਦੇਣ ਲਈ ਲਾਭਪਾਤਰੀ ਦੀ ਹੇਠ ਲਿਖੀ ਯੋਗਤਾ ਨਿਰਧਾਰਤ ਕੀਤੀ ਗਈ ਹੈ:-

1. ਲਾਭਪਾਤਰੀ/ ਇੱਕਲਾ ਦੁੱਧ ਉਤਪਾਦਕ/ਉੱਦਮੀ/ਫਾਰਮਰ ਪ੍ਰੋਡਿਊਸਰ ਕੰਪਨੀ/ਸੈਲਫ ਹੈਲਪ ਗਰੁੱਪ ਅਤੇ ਦੁੱਧ ਸਹਿਕਾਰੀ ਸਭਾਵਾਂ ਨੂੰ ਇਹ ਸਕੀਮ ਦਾ ਲਾਭ ਦਿੱਤਾ ਜਾ ਸਕਦਾ ਹੈ।

2. ਉਸ/ਉਨ੍ਹਾਂ ਪਾਸ 10 ਦਧਾਰੂ ਪਸ਼ੂ ਹੋਣ।

3. ਡੇਅਰੀ ਵਿਕਾਸ ਵਿਭਾਗ /ਪੰਜਾਬ ਡੇਅਰੀ ਵਿਕਾਸ ਬੋਰਡ/ਗਡਵਾਸੂ ਤੋਂ ਘੱਟੋ ਘੱਟ ਦੋ ਹਫਤੇ ਦੀ ਡੇਅਰੀ ਸਿਖਲਾਈ ਪ੍ਰਾਪਤ ਕੀਤੀ ਹੋਵੇ।

4. ਉਸ ਕੋਲ ਘੱਟੋ-ਘੱਟ 50 ਹਾਰਸ ਪਾਵਰ ਟਰੈਕਟਰ ਦਾ ਯੋਗ ਪ੍ਰਬੰਧ ਹੋਵੇ।

**ਅ) ਵਿੱਤੀ ਸਹਾਇਤਾ:-**

1. ਸਬਬਿਡੀ ਦੀ ਦਰ 40% (ਬੈਕਐਂਡਿੰਡ)।

2. ਸੰਬਸਿਡੀ ਦੀ ਅਧਿਕਤਕ ਰਾਸ਼ੀ 5.60 ਲੱਖ ਪ੍ਰਤੀ ਲਾਭਪਾਤਰੀ ਹੋਵੇਗੀ।

3. ਆਟੋਮੇਟਿਕ ਸਾਈਲੇਜ ਬੇਲਰ ਅਤੇ ਰੈਪਰ ਮਸੀਨ ਦੀ ਖਰੀਦ ਬੈਂਕ ਤੋਂ ਕਰਜਾ ਲੈ ਕੇ ਕੀਤੀ ਹੋਵੇ।

4. ਵਿਭਾਗ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਆਟੋਮੈਟਿਕ ਸਾਈਲੇਜ ਬੇਲਰ ਅਤੇ ਰੈਪਰ ਮਸੀਨ ਦੀ ਖਰੀਦ ਨਿਰਧਾਰਤ ਕੰਪਨੀਆਂ ਤੋਂ ਹੀ ਕੀਤੀ ਹੋਵੇ ਜੋ ਕਿ ਹੇਠ ਲਿਖੇ ਅਨਸਾਰ ਹਨ:-

| ਲੜੀ ਨੰ | ਕੰਪਨੀ ਦਾ ਨਾਮ | ਮਾਡਲ | ਕੀਮਤ |
|---|---|---|---|
| 1 | ਮੇਸ. ਬਖਸ਼ੀਸ਼ ਇੰਡਸਟਰੀਜ, ਖਮਾਣੋ ਬਾਈ-ਪਾਸ ਨੇੜੇ ਬੋਮਰਾ ਧਰਮ ਕੰਡਾ ਬੱਸੀ ਪਠਾਨਾ ਜਿਲ੍ਹਾ ਫਤ੍ਹਿਗੜ੍ਹ ਸਾਹਿਬ | ਬੀ.ਆਈ-777 | 16.08 ਲੱਖ ਸਮੇਤ ਸਾਰੇ ਟੈਕਸ |
| 2 | ਮੈਸ. ਡਾਇਨਾਮਿਕ ਮਸੀਨਰੀ ਐਂਡ ਇਕਯੂਪਮੈਂਟ, 20-ਏ/1781, ਸ਼ਹੀਦ ਕਰਨੈਲ ਸਿੰਘ ਨਗਰ, ਫੇਸ-2, ਪੱਖੋਵਾਲ ਰੋਡ, ਲੁਧਿਆਣਾ-141013 | ਐਗਰੋਨਿਕ ਐਮ.ਆਰ-820 | 96.00 ਲੱਖ ਸਮੇਤ ਸਾਰੇ ਟੈਕਸ |
| 3 | ਮੈਸ. ਉਜਵਲਾ ਹਾਰਵੈਸਟਰ ਕਾਰਪੋਰੇਸ਼ਨ, ਆਂਧਰਾ ਪ੍ਰਦੇਸ਼ ਆਥੋਰਾਈਜਡ ਡੀਲਰ : ਡਾਇਨਾਮਿਕ ਮਸੀਨਰੀ ਐਂਡ ਇਕਯੂਪਮੈਂਟ, 20-ਏ/1781, ਸ਼ਹੀਦ ਕਰਨੈਲ ਸਿੰਘ ਨਗਰ, ਫੇਸ -2, ਪੱਖੋਵਾਲ ਰੋਡ, ਲੁਧਿਆਣਾ-141013 | ਕੋਮਲ ਊਗਰ-100 | 49.00 ਲੱਖ ਸਮੇਤ ਸਾਰੇ ਟੈਕਸ |

ੲ) **ਕਾਰਜ ਵਿਧੀ:-** ਇਸ ਸਕੀਮ ਅਧੀਨ ਯੋਗ ਲਾਭਪਾਤਰੀਆਂ ਦੇ ਬਿਨੈ-ਪੱਤਰ ਨਿਰਧਾਰਤ ਪ੍ਰੋਫਾਰਮੇ ਅਤੇ ਸਮੇਤ ਸਵੈ-ਘੋਸਣਾ ਪੱਤਰ (ਨੱਥੀ ਅਨੁਸਾਰ) ਮੰਗੇ ਜਾਣਗੇ। ਜਿਨ੍ਹਾਂ ਦੀ ਘੋਖ ਮੁੱਖ ਦਫਤਰ ਮੋਹਾਲੀ ਵੱਲੋਂ ਕੀਤੀ ਜਾਵੇਗੀ। ਬਿਨੈਕਾਰ ਨੂੰ ਅਸਲ ਦਫਤਾਵੇਜਾਂ ਅਤੇ ਸਬੂਤ ਸਮੇਤ ਨਿਰਧਾਰਤ ਮਿਤੀ ਅਤੇ ਸਮੇਂ ਤੇ ਚੋਣ ਕਮੇਟੀ ਸਨਮੁੱਖ ਪੰਜਾਬ ਡੇਅਰੀ ਵਿਕਾਸ ਬੋਰਡ ਦੇ ਮੁੱਖ ਦਫਤਰ ਵਿਖੇ ਪੱਤਰ ਲਿਖ ਕੇ ਬੁਲਾਇਆ ਜਾਵੇਗਾ ਅਤੇ ਯੋਗ ਲਾਭਪਾਤਰੀਆਂ ਨੂੰ ਮੌਕੇ ਤੇ ਸਹਿਮਤੀ ਪੱਤਰ ਜਾਰੀ ਕੀਤਾ ਜਾਵੇਗਾ, ਉਸ ਨੂੰ ਮਸੀਨ ਖਰੀਦਣ ਲਈ ਸਮਾਂ ਦਿੱਤਾ ਜਾਵੇਗਾ। ਸਬਬਿਡੀ ਕਲੇਮ ਨਿਰਧਾਰਤ ਪ੍ਰੋਫਾਰਮੇ ਸਮੇਤ ਘੋਸਣਾ ਪੱਤਰ , ਬੈਂਕ ਦੀ ਡਿਸਬਰਸਮੈਂਟ ਲੈਟਰ, ਜਿਲ੍ਹਾ ਪੱਧਰੀ ਐਸਟ ਕਮੇਟੀ ਤੋਂ ਵੈਰੀਫਾਈ ਕਰਵਾਉਣ ਉਪਰੰਤ ਮੁੱਖ ਦਫਤਰ ਨੂੰ ਕਲੇਮ ਲਈ ਭੇਜੇ ਜਾਣਗੇ। ਮੁੱਖ ਦਫਤਰ ਵੱਲੋਂ ਮੁਕੰਮਲ ਪੁਣ ਛਾਣ ਕਰਨ ਉਪਰੰਤ ਬਣਦੀ ਸਬਸਿਡੀ ਲਾਭਪਾਤਰੀ ਦੇ ਸਬਸਿਡੀ ਰਿਜਰਵ ਫੰਡ ਅਕਾਊਂਟ ਵਿੱਚ NEFT/RTGS ਰਾਹੀਂ ਭੇਜੀ ਜਾਵੇਗੀ ਜਿਸ ਦਾ ਵਰਤੋਂ ਸਰਟੀਫਿਕੇਟ ਆਪ ਵੱਲੋਂ 15 ਦਿਨ ਦੇ ਅੰਦਰ-ਅੰਦਰ ਬੈਂਕ ਤੋਂ ਪ੍ਰਾਪਤ ਕਰ਼ਕੇ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇਗਾ।

ਇੱਥੇ ਇਹ ਦੱਸ ਦੇਣਾ ਉਚਿਤ ਹੋਵੇਗਾ ਕਿ ਇਸ ਸਕੀਮ ਅਧੀਨ ਸਾਰੇ ਪਰਫਾਰਮੇ ਪੰਜਾਬ ਡੇਅਰੀ ਵਿਕਾਸ ਬੋਰਡ ਦੀ ਵੈਬ ਸਾਈਟ (www.pddb.in) ਤੇ ਪਹਿਲਾਂ ਹੀ ਅਪਲੋਡ ਕੀਤੇ ਜਾ ਚੁੱਕੇ ਹਨ । ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਜਿਲ੍ਹੇ ਨਾਲ ਸਬੰਧਤ ਅਮਲੇ ਅਤੇ ਦੁੱਧ ਉਤਪਾਦਕਾਂ ਨੂੰ ਇਸ ਸਕੀਮ ਬਾਰੇ ਜਾਣੂ ਕਰਵਾਇਆ ਜਾਵੇ ਅਤੇ ਯੋਗ ਦੁੱਧ ਉਤਪਾਦਕਾਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

ਇਨ੍ਹਾਂ ਹਦਾਇਤਾਂ ਦੀ ਇਨ੍ਹ ਬਿਨ੍ਹ ਪਾਲਣਾ ਕੀਤੀ ਜਾਵੇ।

ਵਧੀਕ ਮੁੱਖ ਕਾਰਜਕਾਰੀ ਅਫਸਰ,

ਪੀ.ਡੀ.ਡੀ.ਬੀ।